ਨੰ:2/27/2005-1ਪ੍ਰਸ1(ਹੁਣ 4ਪ੍ਰਸ1)/1210317/1

ਪੰਜਾਬ ਸਰਕਾਰ
ਪ੍ਰਸ਼ਾਸ਼ਨਿਕ ਸੁਧਾਰ ਵਿਭਾਗ
(ਪ੍ਰਸ਼ਾਸ਼ਨਿਕ ਸੁਧਾਰ-1 ਸ਼ਾਖਾ)

ਨਵੀਂ ਡਾਕ

ਮਿਤੀ,ਚੰਡੀਗੜ੍ਹ 16 ਅਪ੍ਰੈਲ, 2018

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁਖੀ,
ਡਵੀਜ਼ਨਾ ਦੇ ਕਮਿਸ਼ਨਰਜ਼ ਅਤੇ ਸਮੂਹ ਡਿਪਟੀ ਕਮਿਸ਼ਨਰਜ਼, ਪੰਜਾਬ।

ਚੇਅਰਮੈਨ
ਮੈਂਬਰ ਸਕੱਤਰ

ਵਿਸ਼ਾ: ਸਪੈਸ਼ਲ ਟਾਸਕ ਫੋਰਸ, ਪੰਜਾਬ ਨੂੰ ਆਰ.ਟੀ.ਆਈ ਐਕਟ, 2005 ਦੀ ਧਾਰਾ 24 ਦੇ ਉਪ ਭਾਗ 4 ਦੀ ਵਰਤੋ ਕਰਨ ਤੋਂ ਛੋਟ ਦੇਣ ਸਬੰਧੀ ਅਧਿਸੂਚਨਾ ਜਾਰੀ ਕਰਨ ਬਾਰੇ।

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਜੀ ਦਾ ਧਿਆਨ ਭਾਰਤ ਸਰਕਾਰ ਵੱਲੋਂ ਜਾਰੀ ਸੂਚਨਾ ਦੇ ਅਧਿਕਾਰ ਐਕਟ 2005 (Central Act No.22 of 2005) ਅਤੇ ਇਸ ਅਨੁਸਾਰ ਰਾਜ ਸਰਕਾਰ ਵੱਲੋਂ ਮਿਤੀ 3 ਜੁਲਾਈ 2017 ਰਾਹੀਂ ਜਾਰੀ ਕੀਤੇ ਨਿਯਮ /ਸਮੇਂ ਸਮੇਂ ਤੇ ਜਾਰੀ ਹਦਾਇਤਾਂ ਵੱਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਇਸ ਨਾਲ ਆਮ ਜਨਤਾ ਨੂੰ ਸੂਚਨਾ ਦਾ ਅਧਿਕਾਰ ਪ੍ਰਾਪਤ ਹੋਇਆ ਹੈ ਅਤੇ ਨਾਲ ਹੀ ਸਰਕਾਰੀ ਕੰਮ ਕਾਜ ਵਿਚ ਵੀ ਵਧੇਰੇ ਪਾਰਦਰਸ਼ਤਾ ਆਈ ਹੈ ਅਤੇ ਸਰਕਾਰੀ ਮਸ਼ੀਨਰੀ ਦੀ ਜਵਾਬਦੇਹੀ ਵੀ ਵਧੀ ਹੈ।

2. ਭਾਰਤ ਸਰਕਾਰ ਵੱਲੋਂ ਉਕਤ ਅਨੁਸਾਰ ਜਾਰੀ ਸੂਚਨਾ ਦਾ ਅਧਿਕਾਰ ਐਕਟ 2005 ਦੀ ਧਾਰਾ 27 (1) ਅਨੁਸਾਰ ਰਾਜ ਸਰਕਾਰ ਵੱਲੋਂ ਮਿਤੀ 3 ਜੂਨ 2016 ਰਾਹੀਂ ਇੰਟੈਲੀਜੈਂਸ ਵਿੰਗ, ਆਰਮਡ ਫੋਰਸਿਜ਼, ਕਮਾਂਡੋਂਟ ਅਤੇ ਇੰਡੀਅਨ ਰਿਜਰਵ ਬਟਾਲੀਅਨ, ਸਕਿਉਰਟੀ ਵਿੰਗ ਆਦਿ ਨੂੰ ਆਰ.ਟੀ.ਆਈ ਐਕਟ, 2005 ਦੀ ਧਾਰਾ 24 ਦੇ ਉਪ ਭਾਗ 4 ਅਧੀਨ ਛੋਟ ਦੇਣ ਬਾਰੇ ਨੋਟੀਫਿਕੇਸ਼ਨ ਜਾਰੀ ਕੀਤੀ ਹੋਈ ਹੈ। ਹੁਣ ਰਾਜ ਸਰਕਾਰ ਵੱਲੋਂ ਇਨ੍ਹਾ ਨੂੰ ਅਪਡੇਟ ਕਰਦੇ ਹੋਏ ਨੋਟੀਫਿਕੇਸ਼ਨ ਨੰ: S.O. 11/C.A.22/2005/S.24/2018 ਮਿਤੀ 16-02-2018 (ਕਾਪੀ ਨੱਥੀ) ਰਾਹੀਂ ਜਾਰੀ ਕੀਤੇ ਗਏ ਹਨ, ਜਿਸ ਅਨੁਸਾਰ ਸਪੈਸਲ ਟਾਸਕ ਫੋਰਸ ਨੂੰ ਵੀ ਆਰ.ਟੀ.ਆਈ ਐਕਟ, 2005 ਦੀ ਧਾਰਾ 24 ਦੇ ਉਪ ਭਾਗ 4 ਅਧੀਨ ਛੋਟ ਦਿੱਤੀ ਗਈ ਹੈ। ਇਹ ਨੋਟੀਫਿਕੇਸ਼ਨ ਪੰਜਾਬ ਸਰਕਾਰ ਦੀ ਵੈਬਸਾਈਟ www.punjab.govt.in ਤੇ ਵੀ ਉਪਲਭਧ ਹਨ।

3. ਆਪ ਜੀ ਨੂੰ ਇਸ ਪੱਤਰ ਸਮੇਤ ਸਪੈਸਲ ਟਾਸਕ ਫੋਰਸ ਨੂੰ ਆਰ.ਟੀ.ਆਈ ਐਕਟ, 2005 ਦੀ ਧਾਰਾ 24 ਦੇ ਉਪ ਭਾਗ 4 ਅਧੀਨ ਛੋਟ ਦੇਣ ਬਾਰੇ ਮਿਤੀ 16 ਫਰਵਰੀ 2018 ਰਾਹੀਂ ਜਾਰੀ ਕੀਤੀ ਨੋਟੀਫਿਕੇਸਨ ਦੀ ਕਾਪੀ ਲੋੜੀਂਦੀ ਕਾਰਵਾਈ ਹਿੱਤ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਭਾਰਤ ਸਰਕਾਰ ਵੱਲੋਂ ਜਾਰੀ ਸੂਚਨਾ ਦਾ ਅਧਿਕਾਰ ਐਕਟ ਅਤੇ ਇਸ ਅਧੀਨ ਰਾਜ ਸਰਕਾਰ ਵੱਲੋਂ ਸਮੇਂ ਸਮੇਂ ਤੇ ਜਾਰੀ ਅਗਵਾਈ ਲੀਹਾਂ/ਦਿਸ਼ਾ ਨਿਰਦੇਸ਼ਾਂ ਦੀ ਇੰਨ ਬਿੰਨ ਪਾਲਣਾ ਕਰਨ ਨੂੰ ਯਕੀਨੀ ਬਣਾਇਆ ਜਾਵੇ।

ਵਿਸ਼ਵਾਸਪਾਤਰ

(ਪਰਮਿੰਦਰਪਾਲ ਸਿੰਘ)
ਸੰਯੁਕਤ ਸਕੱਤਰ, ਪ੍ਰਸਾਸ਼ਨਿਕ ਸੁਧਾਰ

ਪਿੱਠ ਅੰਕਣ ਨੰ:2/27/2005-1ਪ੍ਰਸ1(ਹੁਣ 4ਪ੍ਰਸ1)/1210317/2-3 ਮਿਤੀ,ਚੰਡੀਗੜ੍ਹ 16/04/18

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਵਧੀਕ ਡਾਇਰੈਕਟਰ ਜਨਰਲ ਪੁਲਿਸ ਸਪੈਸ਼ਲ ਟਾਸਕ ਫੋਰਸ, ਪੰਜਾਬ ਨੂੰ ਉਨ੍ਹਾ ਦੇ ਪੱਤਰ ਨੰ:8171/ਐਸ.ਟੀ.ਐਫ 2, ਮਿਤੀ 21-12-2017 ਦੇ ਹਵਾਲੇ ਵਿਚ।

2. ਸੁਪਰਡੰਟ (ਗ੍ਰਹਿ-5 ਸ਼ਾਖਾ) ਗ੍ਰਹਿ ਮਾਮਲੇ ਅਤੇ ਨਿਆ ਵਿਭਾਗ ਨੂੰ ਉਨ੍ਹਾ ਦੇ ਅੰ.ਵਿ.ਪੱ.ਨੰ.2/37/2017-5ਗ5/1087557/1, ਮਿਤੀ 18-10-2017 ਦੇ ਹਵਾਲੇ ਵਿਚ।

ਸੰਯੁਕਤ ਸਕੱਤਰ ਪ੍ਰਸਾਸ਼ਨਿਕ ਸੁਧਾਰ

**PART III**

**GOVERNMENT OF PUNJAB**

DEPARTMENT OF GOVERNANCE REFORMS

(Governance Reforms-1 Branch)

**NOTIFICATION**

The 16th February, 2018

**No. S.O. 11/C.A.22/2005/S.24/2018.**-In exercise of the powers conferred by sub-section (4) of section 24 of the Right to Information Act, 2005 (Central Act No.22 of 2005), and all other powers enabling him in this behalf, the Governor of Punjab is pleased to make the following amendments in the Government of Punjab, Department of Governance Reforms (Governance Reforms-1 Branch), Notification No.S.O.49/C.A.22/2005/S.24/2016, dated the 7 June, 2016, namely:-

**AMENDMENT**

In the said notification,-

(i) in Serial No.(6), for the words and sign "Guards; and ", the word and sign "Guards;" shall be substituted ;

(ii) in Serial No.(7), for the word and sign "Punjab.", the word and sign "Punjab;" shall be substituted ; and thereafter the following serial number shall be inserted, namely :-

"(8) Special Task Force."

**NIRMALJEET SINGH KALSI,**
Additional Chief Secretary to
Government of Punjab,
Department of Governance Reforms.

*1442/02-2018/Pb. Govt. Press, S.A.S. Nagar*

ਪਿੱਠ ਅੰਕਣ ਨੰ ਅਮਲਾ/ਸਅ-6/2018/ਨੰ..17873-912.. ਮਿਤੀ..14/6/18..

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਆਪਣੇ ਅਧੀਨ ਕੰਮ ਕਰ ਰਹੇ ਅਧਿਕਾਰੀਆਂ/ਕਰਮਚਾਰੀਆਂ ਨੂੰ ਸਰਕਾਰ ਦੀਆਂ ਹਦਾਇਤਾਂ ਨੋਟ ਕਰਵਾ ਦਿਤੀਆਂ ਜਾਣ।

1) ਮੁੱਖ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ-ਲੁਧਿਆਣਾ-ਜਲੰਧਰ, ਬਠਿੰਡਾ।
2) ਸਪੈਸ਼ਲ ਸਕੱਤਰ, (ਜਨਰਲ ਅਤੇ ਪਲਾਨਿੰਗ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਮੋਹਾਲੀ।
3) ਸੀਨੀਅਰ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਜ਼ੋਨਲ ਦਫਤਰ-1/2, ਪਟਿਆਲਾ/1-2, ਲੁਧਿਆਣਾ/ਅਮ੍ਰਿੰਤਸਰ/ਜਲੰਧਰ/ਬਠਿੰਡਾ।
4) ਸੀਨੀਅਰ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਹੈਡ ਕੁਆਟਰ-1/2/3, ਪਟਿਆਲਾ।
5) ਸੀਨੀਅਰ ਵਿਗਿਆਨਕ ਅਫਸਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ
6) ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ, ਪਟਿਆਲਾ, ਲੁਧਿਆਣਾ-1/2/3/4, ਜਲੰਧਰ, ਅਮ੍ਰਿੰਤਸਰ, ਹੁਸ਼ਿਆਰਪੁਰ, ਬਟਾਲਾ, ਸ੍ਰੀ ਫਤਿਹਗੜ ਸਾਹਿਬ, ਸੰਗਰੂਰ, ਬਠਿੰਡਾ, ਫਰੀਦਕੋਟ ਅਤੇ ਮੋਹਾਲੀ।
7) ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਉਸਾਰੀ, SEAC, RTI, HWM ਪਟਿਆਲਾ।
8) **ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਕੰਪਿਊਟਰ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਸਰਕੂਲਰ ਨੂੰ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੀ ਵੈਬ ਸਾਈਟ ਤੇ ਪਲੇਸ ਕੀਤਾ ਜਾਵੇ ਜੀ।**
9) ਡਿਪਟੀ ਕੰਟਰੋਲਰ(ਵਿੱਤ ਤੇ ਲੇਖਾ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
10) ਡਿਪਟੀ ਡਾਇਰੈਕਟਰ (ਪੀ ਆਰ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।
11) ਪੀਏ ਟੂ ਚੇਅਰਮੈਨ, ਪੀ ਐਸ ਟੂ ਮੈਬਰ ਸਕੱਤਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।

ਹਰਨੇਕ ਚੰਦ 14/6/18
ਸਹਾਇਕ ਪ੍ਰਸੋਨਲ ਅਫਸਰ